| ਮਰੀਜ਼ ਲਈ ਹਿਦਾਇਤਾਂ |
|---|
| **ਯੂਰਿਨ ਸਾਇਟੋਲੋਜੀ** |

ਤੁਹਾਡੇ ਸਿਹਤ ਦੇਖਭਾਲ ਪ੍ਰਦਾਤਾ (ਡਾਕਟਰ) ਨੇ ਇੱਕ ਮੂੱਤਰ ਦੇ ਨਮੂਨੇ ਦੀ ਬੇਨਤੀ ਕੀਤੀ ਹੈ।

ਇੱਕ ਸਟੀਕ ਪ੍ਰਯੋਗਸ਼ਾਲਾ ਜਾਂਚ ਦੇ ਸਿੱਟੇ ਲਈ, ਇਨ੍ਹਾਂ ਹਿਦਾਇਤਾਂ ਦੀ ਸਟੀਕਤਾ ਨਾਲ ਪਾਲਣਾ ਕਰੋ।

## ਨਮੂਨਾ ਲੈਣਾ:

1. ਸਵੇਰੇ ਪਹਿਲੇ ਕੀਤੇ ਮੁੱਤਰ ਤੋਂ ਨਮੂਨਾ ਨਾ ਲਓ (ਪਹਿਲੀ ਵਾਰ ਦਾ)। ਬੇਹਤਰ ਨਮੂਨਾ ਉਸ ਦਿਨ ਦਾ ਦੂਜਾ ਵਾਰ ਦਾ ਮੁੱਤਰ ਹੁੰਦਾ ਹੈ।
2. ਦੂਜੀ ਵਾਰ ਦੇ ਮੂਤਰ ਦੀ ਧਾਰ ਦੇ ਵਿਚਕਾਰ ਤੋਂ ਇਕ ਨਮੂਨਾ ਲਓ:

   ਗੁਸਲਖ਼ਾਨੇ ਵਿੱਚ ਪਿਸ਼ਾਬ ਕਰਨਾ ਸ਼ੁਰੂ ਕਰੋ। ਪਿਸ਼ਾਬ ਦੇ ਵਹਾਅ ਨੂੰ ਰੋਕੇ ਬਿਨਾਂ, ਕੁਝ ਪਿਸ਼ਾਬ ਇਕੱਠਾ ਕਰਨ ਲਈ ਕੰਟੇਨਰ ਨੂੰ ਪਿਸ਼ਾਬ ਦੀ ਧਾਰ ਵਿੱਚ ਟਿਕਾਓ। ਪਿਸ਼ਾਬ ਦੇ ਵਹਿਣ ਦੇ ਰੁਕਣ ਤੋਂ ਪਹਿਲਾਂ ਕੰਟੇਨਰ ਨੂੰ ਹਟਾ ਲਓ।
3. ਕੰਟੇਨਰ ਨੂੰ ਲਗਭਗ ਅੱਧਾ (ਤਕਰੀਬਨ 50 mL) ਭਰੋ। ਕੰਟੇਨਰ ਨੂੰ ਕੱਸ ਕੇ ਬੰਦ ਕਰ ਦਿਓ।

## ਲੇਬਲ ਲਗਾਉਣਾ

1. ਆਪਣਾ ਨਾਂ, ਜਨਮ ਮਿਤੀ, ਅਤੇ ਇਕੱਤਰ ਕਰਨ ਦੀ ਮਿਤੀ ਡੱਬੇ ਦੇ ਲੇਬਲ ਤੇ ਲਿੱਖੋ।

## ਪੈਕ ਕਰਨਾ

1. ਪ੍ਰਦਾਨ ਕੀਤੇ ਗਏ ਬੈਗ ਵਿੱਚ ਡੱਬੇ ਨੂੰ ਰੱਖੋ ਅਤੇ ਬੈਗ ਨੂੰ ਸੁਰੱਖਿਅਤ ਢੰਗ ਨਾਲ ਬੰਦ ਕਰੋ।
2. ਕਿਸੇ ਵੀ ਕਾਗਜ਼ਾਤ ਨੂੰ ਮੋੜੋ ਅਤੇ ਨਮੂਨੇ ਦੇ ਟ੍ਰਾਂਸਪੋਰਟ ਬੈਗ ਦੀ ਬਾਹਰੀ ਜੇਬ ਵਿੱਚ ਰੱਖੋ। ਇਹ ਯਕੀਨੀ ਬਣਾਉਣਾ ਹੈ ਕਿ ਕਾਗਜ਼ਾਤ ਤੇ ਨਮੂਨੇ ਦਾ ਰਿਸਾਵ ਨਾ ਹੋਵੇ।

## ਭੰਡਾਰਨ ਅਤੇ ਟ੍ਰਾਂਸਪੋਰਟ

1. ਨਮੂਨੇ ਨੂੰ ਇਕੱਠਾ ਕਰਨ ਤੋਂ ਤੁਰੰਤ ਬਾਅਦ ਇਕ ਚਿਪਕਾਉਣ ਵਾਲਾ ਪਦਾਰਥ (ਫਿਕਸੇਟਿਵ) ਲਗਾਉਣਾ ਹੁੰਦਾ ਹੈ। ਜੇ ਨਮੂਨਾ ਲੈਬ ਵਿਚ ਇਕੱਠਾ ਨਹੀਂ ਕੀਤਾ ਜਾ ਸਕਦਾ:
   - ਡੱਬੇ ਨੂੰ ਫਰਿੱਜ ਵਿੱਚ ਰੱਖੋ ਅਤੇ ਨਮੂਨਾ ਲੈਣ ਦੇ 2 ਘੰਟਿਆਂ ਦੇ ਅੰਦਰ ਨਮੂਨੇ ਨੂੰ ਲੈਬ ਵਿਚ ਲਿਆਓ।